Tel: 604.596.7733
www.surreyschools.ca

# ਸਰੀ ਦੇ ਸਕੂਲਾਂ ਦੀ ਰਲ ਕੇ ਸੁਰੱਖਿਆ ਕਰਨੀ (ਪੀ ਐੱਸ ਐੱਸ ਟੀ)

(PSST website)

**ਸਰੀ ਦੇ ਸਕੂਲਾਂ ਦੀ ਰਲ ਕੇ ਸੁਰੱਖਿਆ ਕਰਨੀ (ਪੀ ਐੱਸ ਐੱਸ ਟੀ) ਇਕ ਰਿਪੋਰਟ ਕਰਨ ਵਾਲਾ ਸਾਈਟ ਹੈ ਜਿਸ ਨੂੰ ਵਿਦਿਆਰਥੀਆਂ ਦੇ ਸਹਿਯੋਗ ਨਾਲ ਅਤੇ ਵਿਦਿਆਰਥੀਆਂ ਲਈ ਬਣਾਇਆ ਗਿਆ ਹੈ।** ਇਹ ਵੈੱਬਸਾਈਟ ਅਤੇ 2019 ਵਿੱਚ ਤਿਆਰ ਕੀਤਾ ਗਿਆ ਐਪ ਵਿਦਿਆਰਥੀਆਂ ਨੂੰ ਉਨ੍ਹਾਂ ਨਾਲ ਅਤੇ ਉਨ੍ਹਾਂ ਦੇ ਸਕੂਲ ਦੇ ਭਾਈਚਾਰੇ ਨਾਲ ਪ੍ਰਸੰਗਕ ਸੁਰੱਖਿਆ ਨਾਲ ਸੰਬੰਧਤ ਜਾਣਕਾਰੀ ਦਿੰਦਾ ਹੈ ਅਤੇ ਉਨ੍ਹਾਂ ਦੀ ਭਾਲ ਵਿੱਚ ਮਦਦ ਕਰਨ ਲਈ ਹੋਰ ਭਰੋਸੇਯੋਗ ਸਾਈਟਾਂ ਬਾਰੇ ਪਹੁੰਚ ਪ੍ਰਦਾਨ ਕਰਦਾ ਹੈ। ਇਹ ਸਾਧਨ *ਸੇਫ ਸਕੂਲ ਡਿਪਾਰਟਮੈਂਟ* ਵੱਲੋਂ *ਸਰੀ ਆਰ ਸੀ ਐੱਮ* ਪੀ *ਅਤੇ ਸਰੀ ਕਰਾਈਮ ਪ੍ਰੀਵੈਨਸ਼ਨ ਸੁਸਾਇਟੀ* ਦੇ ਸਹਿਯੋਗ ਨਾਲ ਤਿਆਰ ਕੀਤੇ ਗਏ ਹਨ। ਸਰੀ ਸਕੂਲ ਜ਼ਿਲ੍ਹੇ ਦੇ ਵਿਦਿਆਰਥੀਆਂ ਵੱਲੋਂ ਮਿਲੀ ਜਾਣਕਾਰੀ ਦੇ ਆਧਾਰ ’ਤੇ ਇਨ੍ਹਾਂ ਨੂੰ ਬਾਕਾਇਦਗੀ ਨਾਲ ਅਪਡੇਟ ਕੀਤਾ ਜਾਂਦਾ ਹੈ।




ਸਰੀ ਦੇ ਸਕੂਲਾਂ ਦੀ ਰਲ ਕੇ ਸੁਰੱਖਿਆ ਕਰਨੀ ਦੀ ਮੁੱਖ ਵਿਸ਼ੇਸ਼ਤਾ ਇਸ ਦਾ **‘ਰਿਪੋਰਟ ਇੱਟ’ ਟੂਲ** ਹੈ, ਜਿਹੜਾ ਵਿਦਿਆਰਥੀਆਂ ਨੂੰ ਆਪਣੇ ਨਾਲ, ਆਪਣੇ ਸਕੂਲ ਨਾਲ ਜਾਂ ਦੂਜਿਆਂ ਨਾਲ ਸੰਬੰਧਤ ਸੁਰੱਖਿਆ ਦੇ ਫਿਕਰਾਂ ਨੂੰ ਰਿਪੋਰਟ ਕਰਨ ਦੀ ਆਗਿਆ ਦਿੰਦਾ ਹੈ, ਜੇ ਉਹ ਚਾਹੁਣ ਤਾਂ ਗੁਪਤ ਰਹਿ ਕੇ ਵੀ ਰਿਪੋਰਟ ਕਰ ਸਕਦੇ ਹਨ। ਰਿਪੋਰਟ ਕੀਤੇ ਜਾਣ ਤੋਂ ਬਾਅਦ, ਰਿਪੋਰਟ ਨੂੰ ਸੇਫ ਸਕੂਲਜ਼ ਡਿਪਾਰਟਮੈਂਟ ਕੋਲ ਭੇਜਿਆ ਜਾਂਦਾ ਹੈ, ਅਤੇ ਇਸ ਵਿਚ ਦਿੱਤੀ ਜਾਣਕਾਰੀ ਦੇ ਆਧਾਰ ’ਤੇ ਇਸ ਦਾ ਜੁਆਬ ਦਿੱਤਾ ਜਾਂਦਾ ਹੈ। ਜੇ ਫਿਕਰ। ਫੌਰੀ ਐਕਸ਼ਨ ਦੀ ਲੋੜ ਵਾਲਾ ਨਾ ਹੋਵੇ, ਅਤੇ ਇਸ ਨਾਲ ਸਕੂਲ ਦੀ ਪੱਧਰ ’ਤੇ ਨਜਿੱਠਿਆ ਜਾ ਸਕਦਾ ਹੋਵੇ, ਤਾਂ ਜਾਣਕਾਰੀ ਸਕੂਲ ਦੇ ਪ੍ਰਬੰਧਕ ਨਾਲ ਸਾਂਝੀ ਕੀਤੀ ਜਾਵੇਗੀ। ਜੇ ਲੋੜ ਹੋਵੇ ਤਾਂ ਸੇਫ ਸਕੂਲਜ਼ ਦਾ ਸਟਾਫ ਮਦਦ ਲਈ ਮੌਜੂਦ ਹੁੰਦਾ ਹੈ। ਜੇ ਰਿਪੋਰਟ ਕਿਸੇ ਕਮਿਊਨਿਟੀ ਵਿਚਲੀ ਸਰਗਰਮੀ ਨਾਲ ਸੰਬੰਧਤ ਹੋਵੇ ਜਾਂ ਜ਼ਿਆਦਾ ਗੰਭੀਰ ਕਿਸਮ ਦੀ ਹੋਵੇ, ਤਾਂ ਇਸ ਨੂੰ ਸਰੀ ਆਰ ਸੀ ਐੱਮ ਪੀ ਨਾਲ ਸਾਂਝਾ ਕੀਤਾ ਜਾਵੇਗਾ। ਹਰੇਕ ਰਿਪੋਰਟ ਵੱਲ ਕੇਸ ਦੀਆਂ ਹਾਲਤਾਂ ਦੇ ਆਧਾਰ ’ਤੇ ਧਿਆਨ ਦਿੱਤਾ ਜਾਂਦਾ ਹੈ

ਸਰੀ ਦੇ ਸਕੂਲਾਂ ਦੀ ਰਲ ਕੇ ਸੁਰੱਖਿਆ ਕਰਨੀ ਦਾ ਰਿਪੋਰਟ ਇੱਟ ਟੂਲ ਵਿਦਿਆਰਥੀਆਂ ਵੱਲੋਂ ਮਦਦ ਤੱਕ ਪਹੁੰਚ ਕਰਨ ਲਈ ਵੀ ਵਰਤਿਆ ਜਾ ਸਕਦਾ ਹੈ। ਜੇ ਕੋਈ ਵਿਦਿਆਰਥੀ ਸੇਫ ਸਕੂਲਜ਼ ਦੇ ਕਿਸੇ ਨੁਮਾਇੰਦੇ ਨਾਲ ਗੱਲ ਕਰਨੀ ਚਾਹੁੰਦਾ ਹੋਵੇ ਤਾਂ ਉਹ ਰਿਪੋਰਟ ਕਰਨ ਵਾਲੇ ਟੂਲ ਰਾਹੀਂ ਸੰਪਰਕ ਕਰਨ ਲਈ ਕਹਿ ਸਕਦਾ ਹੈ।

ਵਿਦਿਆਰਥੀਆਂ ਨੂੰ ਸਾਈਟ/ਐਪ ਅਤੇ ਇਸ ਦੇ ਕਾਰਜਾਂ ਬਾਰੇ ਜਾਣਕਾਰੀ ਸਕੂਲ ਵਿੱਚ ਕੀਤੇ ਪ੍ਰਚਾਰ, ਸੋਸ਼ਲ ਮੀਡੀਏ ਅਤੇ ਪੇਸ਼ਕਾਰੀਆਂ ਰਾਹੀਂ ਦਿੱਤੀ ਜਾਂਦੀ ਹੈ।